BRAMPTON

Media Release

ਤੁਰੰਤ ਰਿਲੀਜ ਲਈ

## ਫਾਇਰ ਮਾਸਟਰ ਪਲਾਨ, ਵੰਨ-ਸੁਵੰਨੇ ਅਤੇ ਵਧ ਰਹੇ ਭਾਈਚਾਰੇ ਦੀਆਂ ਲੋੜਾਂ ਤੇ ਧਿਆਨ ਦਿੰਦਾ ਹੈ

ਬ੍ਰੈਂਪਟਨ, ਓਨਟੈਰੀਓ (16 ਸਤੰਬਰ, 2020) – ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (ਬੀ.ਐਫ.ਈ.ਐਸ.) 2021-2025 ਫਾਇਰ ਮਾਸਟਰ ਪਲਾਨ (Brampton Fire and Emergency Services (BFES) 2021-2025 Fire Master Plan) ਨੂੰ ਸਰਬ ਸੰਮਤੀ ਨਾਲ ਮਨਜ਼ੂਰੀ ਦਿੱਤੀ। ਇਸ ਵਿੱਚ, ਬ੍ਰੈਂਪਟਨ ਵਿੱਚ ਹੁਣ ਅਤੇ ਭਵਿੱਖ ਵਿੱਚ, ਅੱਗ ਤੋਂ ਸੁਰੱਖਿਆ ਦੀਆਂ ਲਗਾਤਾਰ ਪ੍ਰਭਾਵੀ ਅਤੇ ਕੁਸ਼ਲ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ 32 ਸਿਫਾਰਿਸ਼ਾਂ ਹਨ। ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ (BFES Fire Master Plan), 2018-2022 ਟਰਮ ਆਫ ਕਾਉਂਸਿਲ ਪ੍ਰਿਓਰਟੀਜ (2018 – 2022 Term of Council Priorities) ਦੀ ਉਪਲਬਧੀ ਵਿੱਚ ਯੋਗਦਾਨ ਪਾਉਂਦਾ ਹੈ।

ਕੈਨੇਡਾ ਦੇ ਦੂਜੇ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰ ਵਜੋਂ, ਬ੍ਰੈਂਪਟਨ ਦੀਆਂ ਬੇਜੋੜ ਲੋੜਾਂ ਹਨ। ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਦੇ ਵਿਕਾਸ ਬਾਰੇ, 2,000 ਤੋਂ ਵੱਧ ਨਿਵਾਸੀਆਂ, 200 ਤੱਕ ਦੇ ਫ੍ਰੰਟ-ਲਾਈਨ ਸਟਾਫ਼, ਸਿਟੀ ਦੇ ਕਈ ਵਿਭਾਗਾਂ ਅਤੇ ਬੀ.ਐਫ.ਈ.ਐਸ. ਦੀ ਮੈਨੇਜਮੈਂਟ ਟੀਮ ਸਮੇਤ, ਅੰਦਰੂਨੀ ਅਤੇ ਬਾਹਰਲੇ ਸਟੇਕਹੋਲਡਰਾਂ ਵੱਲੋਂ ਸੂਚਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਭਾਈਚਾਰੇ ਸਬੰਧੀ ਵਿਆਪਕ ਜੋਖਮ ਮੁਲਾਂਕਣ, ਸਟੇਸ਼ਨ ਦੀ ਥਾਂ ਦੇ ਅੱਪਡੇਟ ਕੀਤੇ ਅਧਿਐਨ ਅਤੇ ਕਨੂੰਨ ਦੇ ਕਈ ਤੱਥਾਂ ਨੇ, ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਨੂੰ ਪ੍ਰਭਾਵਿਤ ਕੀਤਾ ਹੈ।

ਇਸ ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਦਾ ਮਾਰਗ ਦਰਸ਼ਨ, ਤਿੰਨ ਬੇਹੱਦ ਮਹੱਤਵਪੂਰਣ ਵਿਸ਼ਿਆਂ: *ਸੁਰੱਖਿਅਤ, ਸਫਲ* ਅਤੇ *ਸਥਿਰ* ਨਾਲ ਕੀਤਾ ਗਿਆ ਹੈ। ਇਹ ਵਿਸ਼ੇ, ਸਲਾਹਾਂ ਅਤੇ ਇਸ ਨਾਲ ਜੁੜੀਆਂ ਪਹਿਲਕਦਮੀਆਂ ਲਈ ਫ੍ਰੇਮਵਰਕ ਪ੍ਰਦਾਨ ਕਰਦੇ ਹਨ, ਜਿਹਨਾਂ ਨੂੰ ਧਿਆਨ ਦੇਣ ਦੀ ਲੋੜ ਵਾਲੇ ਨੌ ਖੇਤਰਾਂ: ਐਮਰਜੈਂਸੀ ਪ੍ਰਤੀਕਿਰਿਆ; ਅੱਗ ਤੋਂ ਸੁਰੱਖਿਆ ਅਤੇ ਸਿੱਖਿਆ; ਐਮਰਜੈਂਸੀ ਮੈਨੇਜਮੈਂਟ; ਭਾਈਚਾਰਕ ਸੁਰੱਖਿਆ; ਬਰਾਬਰੀ ਅਤੇ ਸ਼ਮੂਲੀਅਤ; ਟੈਕਨੋਲੋਜੀ ਸੰਬੰਧੀ ਨਵੀਨਤਾ; ਸ਼ਕਤੀਸ਼ਾਲੀ ਕਾਰਜਬਲ; ਚੰਗਾ ਪ੍ਰਸ਼ਾਸਨ; ਅਤੇ ਵਾਤਾਵਰਣ ਸਬੰਧੀ ਸਥਿਰਤਾ ਵਿੱਚ ਸੰਗਠਤ ਕੀਤਾ ਗਿਆ ਹੈ।

ਪਲਾਨ ਦੀਆਂ ਮੁੱਖ ਕਾਰਵਾਈਆਂ ਵਿੱਚ ਸ਼ਾਮਲ ਹਨ:

- ਤਿੰਨ ਨਵੇਂ ਫਾਇਰ ਸਟੇਸ਼ਨਾਂ ਦੀ ਉਸਾਰੀ ਕਰਨਾ, ਜੋ ਸਿਟੀ ਦੇ ਵਾਧੇ ਨੂੰ ਗਤੀਸ਼ੀਲ ਰੱਖਣ ਲਈ, ਅਗਲੇ ਦਸ ਸਾਲਾਂ ਤੱਕ ਤਿਆਰ ਕੀਤੇ ਜਾਣੇ ਹਨ;
- ਵੱਧ ਜੋਖਮ ਵਾਲੀਆਂ ਇਮਾਰਤਾਂ ਵਾਸਤੇ ਅਨੁਪਾਲਣ ਦਾ ਸੱਭਿਆਚਾਰ ਤਿਆਰ ਕਰਨ ਲਈ, ਬਹੁਤ ਜ਼ਿਆਦਾ ਉੱਚੀਆਂ, ਘੱਟ ਉੱਚੀਆਂ ਅਤੇ ਚੋਣਵੀਆਂ ਇਮਾਰਤਾਂ ਲਈ, ਵਧੀ ਹੋਈ ਨਿਯਮਿਤ ਜਾਂਚ ਸਬੰਧੀ ਪ੍ਰੋਗਰਾਮ ਲਾਗੂ ਕਰਨਾ;
- ਇਹ ਅਨੁਮਾਨ ਲਗਾਉਣ ਲਈ ਕਿ ਕਿੱਥੇ ਅੱਗ ਲੱਗਣ ਦੀ ਸਭ ਤੋਂ ਵੱਧ ਸੰਭਾਵਨਾ ਹੈ, ਨਵੀਂ ਮਸ਼ੀਨ ਸਿਖਲਾਈ ਅਤੇ ਆਰਟੀਫਿਸ਼ਿਅਲ ਇੰਟੈਲੀਜੈਂਸ ਤਕਨੀਕ ਦਾ ਲਾਭ ਉਠਾਉਣਾ, ਤਾਂ ਜੋ ਅੱਗ ਲੱਗਣ ਦੀ ਸੰਭਾਵਨਾ ਅਤੇ ਪਰਿਮਾਣ ਨੂੰ ਘਟਾਉਣ ਲਈ, ਟੀਚਾ ਅਧਾਰਤ ਵੱਧ ਕਿਰਿਆਸ਼ੀਲ ਜਾਂਚਾਂ ਕੀਤੀਆਂ ਜਾ ਸਕਣ;
- ਸੇਵਾ ਪ੍ਰਦਾਨ ਕੀਤੇ ਜਾਣ ਵਾਲੇ ਭਾਈਚਾਰੇ ਤੇ ਬਿਹਤਰ ਧਿਆਨ ਦੇਣ ਲਈ, ਨਵੀਨਤਾਕਾਰੀ ਭਰਤੀ ਸਬੰਧੀ ਕਾਰਜਨੀਤੀਆਂ ਲਾਗੂ ਕਰਨ ਤੇ ਚੰਗੀ ਤਰ੍ਹਾਂ ਧਿਆਨ ਦੇ ਕੇ, ਵਿਭਾਗ ਦੀ ਵੰਨ-ਸੁਵੰਨਤਾ, ਬਰਾਬਰੀ ਅਤੇ ਸ਼ਮੂਲੀਅਤ ਦੇ ਯਤਨਾਂ ਨੂੰ ਵਧਾਉਣਾ।

ਅੱਗ ਤੋਂ ਸੁਰੱਖਿਆ ਸਬੰਧੀ ਸੇਵਾਵਾਂ ਦੀ ਵੱਧ ਤੋਂ ਵੱਧ ਸੰਭਵ, ਉੱਚ ਪੱਧਰ ਦੀ ਡਿਲੀਵਰੀ ਨੂੰ ਯਕੀਨੀ ਬਣਾਉਣ ਲਈ ਸਮਾਂ ਪੈਣ ਤੇ, ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਵਿਕਸਿਤ ਹੁੰਦਾ ਜਾਵੇਗਾ। ਪੂਰਾ ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਪੜ੍ਹਨ ਲਈ, www.bramptonfire.com ਤੇ ਜਾਓ।

**ਹਵਾਲੇ**

"ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਇੱਕ ਪ੍ਰਮੁੱਖ, ਨਵੀਨਤਾਕਾਰੀ ਫਾਇਰ ਸਰਵਿਸ ਹੈ ਅਤੇ ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ, ਸਾਡੇ ਵਧ ਰਹੇ ਅਤੇ ਸ਼ਾਨਦਾਰ ਰੂਪ ਨਾਲ ਵੰਨ-ਸੁਵੰਨੇ ਸ਼ਹਿਰ ਦੀਆਂ, ਹੁਣ ਦੀਆਂ ਅਤੇ ਭਵਿੱਖ ਦੀਆਂ ਬੇਜੋੜ ਲੋੜਾਂ ਦੀ ਹਿਮਾਇਤ ਕਰਦਾ ਹੈ। ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਦੇ ਵਿਕਾਸ ਨਾਲ, ਸਾਡੀ ਟੀਮ ਇਹ ਯਕੀਨੀ ਬਣਾਉਣਾ ਜਾਰੀ ਰੱਖ ਸਕਦੀ ਹੈ ਕਿ ਬ੍ਰੈਂਪਟਨ ਇੱਕ ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਹੈ ਅਤੇ ਇਹ ਐਮਰਜੈਂਸੀ ਮੈਨੇਜਮੈਂਟ ਅਤੇ ਪ੍ਰਤੀਕਿਰਿਆ ਵਿੱਚ ਸਰਬੋਤਮ ਸੇਵਾਵਾਂ ਪ੍ਰਦਾਨ ਕਰਦਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਟੀਮ, ਬ੍ਰੈਂਪਟਨ ਨੂੰ ਸਿਹਤਮੰਦ ਅਤੇ ਸੁਰੱਖਿਅਤ ਭਾਈਚਾਰਾ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ। ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਨਿਵਾਸੀਆਂ ਨੂੰ ਅੱਜ ਅਤੇ ਭਵਿੱਖ ਵਿੱਚ ਸੁਰੱਖਿਅਤ ਰੱਖਣ ਲਈ, ਸਾਡੇ ਕੋਲ ਚੰਗੀ ਤਰ੍ਹਾਂ ਯੋਜਨਾਬੱਧ ਦ੍ਰਿਸ਼ਟੀਕੋਣ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਜਿਵੇਂ-ਜਿਵੇਂ ਸਾਡੀ ਵੰਨ-ਸੁਵੰਨੀ ਸਿਟੀ ਵਿੱਚ ਵਾਧਾ ਹੁੰਦਾ ਹੈ, ਸਾਡੀ ਟੀਮ ਨੂੰ ਵੀ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਭਵਿੱਖ ਲਈ ਤਿਆਰ ਹਾਂ, ਲਗਾਤਾਰ ਮੁਲਾਂਕਣ ਕਰਨ ਅਤੇ ਵਿਕਸਿਤ ਹੋਣ ਦੀ ਲੋੜ ਹੁੰਦੀ ਹੈ। ਸਾਡਾ ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ, ਉਸ ਸਫ਼ਰ ਤੇ ਸਾਡਾ ਮਾਰਗ ਦਰਸ਼ਨ ਕਰੇਗਾ। ਮੈਨੂੰ ਇਸ ਵਿਆਪਕ ਪਲਾਨ ਤੇ ਕੀਤੇ ਕੰਮ ਤੇ ਮਾਣ ਹੈ। ਮੈਨੂੰ ਖਾਸ ਕਰਕੇ, ਅਜਿਹੀ ਟੀਮ ਤਿਆਰ ਕਰਨ ਤੇ ਕੰਮ ਕਰਨ ਦੀ ਵਚਨਬੱਧਤਾ ਲਈ ਪਹਿਲੀ ਫਾਇਰ ਸਰਵਿਸਿਜ ਵਿੱਚੋਂ ਇੱਕ ਹੋਣ ਤੇ ਮਾਣ ਹੈ, ਜੋ ਉਸ ਵੰਨ-ਸੁਵੰਨੇ ਭਾਈਚਾਰੇ ਦੇ ਪ੍ਰਤੀ ਵਿਚਾਰਸ਼ੀਲ ਹੈ।"

- *ਬਿਲ ਬੋਇਸ (Bill Boyes), ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

"ਅਸੀਂ ਹਮੇਸ਼ਾ ਸਰਬੋਤਮ ਸੇਵਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਿਵੇਂ ਕਿ ਸਾਡੀ ਸਿਟੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਬੀ.ਐਫ.ਈ.ਐਸ. ਫਾਇਰ ਮਾਸਟਰ ਪਲਾਨ, ਯਕੀਨੀ ਬਣਾਉਂਦਾ ਹੈ ਕਿ ਅਸੀਂ ਬ੍ਰੈਂਪਟਨ ਵਿੱਚ ਰਹਿਣ, ਕੰਮ ਕਰਨ, ਪੜ੍ਹਨ ਅਤੇ ਖੇਡਣ ਵਾਲਿਆਂ ਵਾਸਤੇ, ਪ੍ਰਗਤੀਸ਼ੀਲ ਫਾਇਰ ਐਂਡ ਐਮਰਜੈਂਸੀ ਸੇਵਾਵਾਂ ਪ੍ਰਦਾਨ ਕਰਕੇ, ਇਸ ਵਾਧੇ ਨੂੰ ਸਹਿਯੋਗ ਕਰਨ ਲਈ ਤਿਆਰ ਹਾਂ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca